# ਝੋਨੇ ਦੀ ਸਿੱਧੀ ਬਿਜਾਈ ਨਾਲ ਪਾਣੀ ਦੀ ਭਾਰੀ ਬੱਚਤ

ਪੱਤਰ ਪ੍ਰੇਰਕ

ਜਲੰਧਰ, 30 ਜੁਲਾਈ
ਝੋਨੇ ਦੀ ਬਿਜਾਈ ਲਈ ਈਜ਼ਾਦ ਕੀਤੀ ਗਈ ਨਵੀਂ ਤਕਨੀਕ ਸਿੱਧੀ ਬਿਜਾਈ ਨਾਲ 30 ਪ੍ਰਤੀਸ਼ਤ ਯਾਨੀ 900 ਲਿਟਰ ਪ੍ਰਤੀ ਏਕੜ ਪਾਣੀ ਦੀ ਬੱਚਤ ਹੁੰਦੀ ਹੈ ਅਤੇ ਇਸ ਦੇ ਨਾਲ ਹੀ ਕਿਸਾਨਾਂ ਨੂੰ ਝੋਨੇ ਦੀ ਕਾਸ਼ਤ ਦੀ ਪਰੰਪਰਾਗਤ ਢੰਗ ਦੇ ਖਰਚੇ ਨਾਲੋਂ 1500 ਰੁਪਏ ਪ੍ਰਤੀ ਏਕੜ ਦੀ ਬੱਚਤ ਵੀ ਹੁੰਦੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੈਪਸੀਕੋ ਇੰਡੀਆ ਦੇ ਖੇਤੀ ਵਿਭਾਗ ਦੇ ਜਨਰਲ ਮੈਨੇਜਰ ਡਾ. ਸੁਸ਼ੀਲ ਸਾਂਖਿਆਨ ਨੇ ਇਥੋਂ ਨੇੜਲੇ ਕਸਬੇ ਜੱਲੋਵਾਲ ਵਿਖੇ ਝੋਨੇ ਦੀ ਸਿੱਧੀ ਬਿਜਾਈ ਪ੍ਰਣਾਲੀ ਦੀ ਸਫਲਤਾ ਦਾ ਐਲਾਨ ਕਰਦਿਆਂ ਕੀਤਾ।

ਸ੍ਰੀ ਸਾਂਖਿਆਨ ਨੇ ਕਿਹਾ ਕਿ ਝੋਨੇ ਦੀ ਪਰੰਪਰਾਗਤ ਬਿਜਾਈ ਨਾਲ ਪਾਣੀ ਦੀ ਬਹੁਤ ਜ਼ਿਆਦਾ ਖਪਤ ਹੁੰਦੀ ਹੈ, ਜਿਸ ਕਾਰਨ ਸਾਲ-ਦਰ-ਸਾਲ ਪਾਣੀ ਦੀ ਇਸ ਖਪਤ ਕਾਰਨ ਪੰਜਾਬ ਵਿੱਚ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਘਟਦਾ ਚਲਾ ਗਿਆ ਹੈ।

ਇਸ ਲਈ ਪੈਪਸੀਕੋ ਇੰਡੀਆ ਨੇ ਭਾਰਤੀ ਖੇਤੀ ਨੂੰ ਲਾਹੇਵੰਦਾ ਕਿੱਤਾ ਬਣਾਉਣ ਲਈ ਸਿੱਧੀ ਬਿਜਾਈ ਦਾ ਢੰਗ ਲੱਭਿਆ ਹੈ, ਜਿਸ ਨੂੰ ਕਿਸਾਨਾਂ ਨੇ ਵੱਡੀ ਪੱਧਰ 'ਤੇ ਅਪਣਾਇਆ ਹੈ। ਇਸ ਤਕਨੀਕ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਇਸ ਪ੍ਰਣਾਲੀ ਵਿੱਚ ਬੀਜਾਂ ਨੂੰ ਸਿੱਧੇ ਖੇਤ ਵਿੱਚ ਬੀਜਿਆ ਜਾਂਦਾ ਹੈ, ਜਿਸ ਨਾਲ ਨਾ ਸਿਰਫ ਪਾਣੀ ਦੀ ਬੱਚਤ ਹੁੰਦੀ ਹੈ, ਸਗੋਂ ਝੋਨੇ ਦੀ ਉਤਪਾਦਨ ਲਾਗਤ ਵੀ ਘੱਟ ਜਾਂਦੀ ਹੈ।